# India delivers next batch of medical assistance to Afghanistan

January 07, 2022

.......................................................................................................................................

## ਭਾਰਤ ਨੇ ਦਿੱਤੀ ਅਫ਼ਗਾਨਿਸਤਾਨ ਨੂੰ ਡਾਕਟਰੀ ਸਹਾਇਤਾ ਦੀ ਅਗਲੀ ਖੇਪ

**7 ਜਨਵਰੀ, 2022**

1.ਅਫ਼ਗਾਨਿਸਤਾਨੀ ਲੋਕਾਂ ਲਈ ਸਾਡੀ ਮੌਜੂਦਾ ਮਨੁੱਖੀ ਸਹਾਇਤਾ ਦੇ ਹਿੱਸੇ ਵਜੋਂ ਭਾਰਤ ਨੇ ਅੱਜ ਅਫ਼ਗਾਨਿਸਤਾਨ ਨੂੰ ਦੋ ਟਨ ਜ਼ਰੂਰੀ ਜੀਵਨ ਬਚਾਊ ਦਵਾਈਆਂ ਵਾਲੀ ਡਾਕਟਰੀ ਸਹਾਇਤਾ ਦੀ ਤੀਜੀ ਖੇਪ ਦੀ ਸਪਲਾਈ ਕੀਤੀ। ਇਹ ਖੇਪ ਕਾਬੁਲ ਦੇ ਇੰਦਰਾ ਗਾਂਧੀ ਹਸਪਤਾਲ ਨੂੰ ਸੌਂਪੀ ਗਈ।

2. ਭਾਰਤ ਅਫ਼ਗਾਨਿਸਤਾਨੀ ਲੋਕਾਂ ਨਾਲ ਆਪਣੇ ਵਿਸ਼ੇਸ਼ ਸਬੰਧ ਕਾਇਮ ਰੱਖਣ ਅਤੇ ਉਨ੍ਹਾਂ ਨੂੰ ਮਨੁੱਖੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਸ ਕੋਸ਼ਿਸ਼ ਦੇ ਤਹਿਤ ਅਸੀਂ ਹਾਲ ਹੀ ਵਿੱਚ ਵਿਸ਼ਵ ਸਿਹਤ ਸੰਗਠਨ (WHO) ਰਾਹੀਂ ਅਫ਼ਗਾਨਿਸਤਾਨ ਨੂੰ COVID ਵੈਕਸੀਨ ਦੀਆਂ 500,000 ਖੁਰਾਕਾਂ ਅਤੇ 1.6 ਟਨ ਡਾਕਟਰੀ ਸਹਾਇਤਾ ਦੀ ਸਪਲਾਈ ਕੀਤੀ ਹੈ। ਆਉਣ ਵਾਲੇ ਹਫ਼ਤਿਆਂ ਵਿੱਚ ਅਸੀਂ ਅਫ਼ਗਾਨਿਸਤਾਨ ਨੂੰ ਦਵਾਈਆਂ ਅਤੇ ਅਨਾਜ ਸਮੇਤ ਮਨੁੱਖੀ ਸਹਾਇਤਾ ਦੇ ਕਈ ਹੋਰ ਬੈਚਾਂ ਦੀ ਸਪਲਾਈ ਕਰਾਂਗੇ।

ਨਵੀਂ ਦਿੱਲੀ
7 ਜਨਵਰੀ, 2022

DISCLAIMER: This is an approximate translation. The original is available in English on MEA's website and may be referred to as the official press release.